# ਬੂਥੀਆਂ

ਬੂਥੀ : ਬੂਥੀ, ਬੂਥੀ, ਬੂਥੀ
ਹਰ ਮੋੜ 'ਤੇ ਬੂਥੀ
ਹਰ ਸੜਕ 'ਤੇ ਬੂਥੀ
ਬੂਥੀ, ਬੂਥੀ, ਬੂਥੀ
ਮੁੱਛਲ ਬੂਥੀ, ਦਾੜ੍ਹੀ ਬੂਥੀ
ਵਿੰਗੀ ਬੂਥੀ, ਟੇਢੀ ਬੂਥੀ
ਬੂਥੀ, ਬੂਥੀ, ਬੂਥੀ,

*(ਮਾਈ ਆਉਂਦੀ ਹੈ)*

ਮਾਈ : ਕੌਣ ਹੋ ਤੁਸੀਂ ਭਾਈ ? ਕੀ ਕਰਨਾ ਹੈ ਤੁਸੀਂ ਭਾਈ ?

ਬੂਥੀ : ਅਸੀਂ ਕੁਰਸੀ ਦੇ ਮਾਲਕ ਮਾਈ
ਦੇਸ਼ ਦੇ ਚਾਲਕ ਮਾਈ
ਲੋਕਾਂ ਦੇ ਪਾਲਕ ਮਾਈ
ਅਸੀਂ ਹਾਕਮ ਖਾਸ ਹਾਂ ਮਾਈ
ਦੇਸ਼ ਦਾ ਕਰਨਾ ਵਿਕਾਸ ਹੈ ਮਾਈ
ਕੰਮ ਕੀਤਾ, ਕਰਦੇ ਹਾਂ, ਕਰਾਂਗੇ ਮਾਈ

ਮਸਖਰਾ : ਅਸੀਂ ਕੁਰਸੀ ਦੇ ਮਾਲਕ
ਦੇਸ਼ ਦੇ ਚਾਲਕ ਮਾਈ
ਲੋਕਾਂ ਦੇ ਪਾਲਕ ਮਾਈ
ਬੂਥੀਆਂ ਇਹ ਖਾਸ ਨੇ ਮਾਈ
ਦੇਸ਼ ਦਾ ਕਰਨਾ ਵਿਕਾਸ ਹੈ ਮਾਈ
ਬੇੜਾ ਦੇਸ਼ ਦਾ ਡੋਬਿਆ, ਡੋਬਦੇ ਹਾਂ, ਡੋਬਾਂਗੇ ਮਾਈ
ਅਸੀਂ ਬੂਥੀਆਂ ਖਾਸ ਹਾਂ ਮਾਈ

ਮਾਈ : ਕੰਮ ਕੀ ਕਰਨਾ ਤੁਸੀਂ ਭਾਈ ?

ਬੂਥੀ : ਬਦੇਸ਼ੀ ਸਰਮਾਇਆ ਲਿਆਦਾ ਹੈ
ਦੇਸ਼ ਖੁਸ਼ਹਾਲ ਬਨਾਉਣਾ ਹੈ
ਹਾਕਮ ਅਸੀਂ ਖਾਸ ਹਾਂ ਮਾਈ
ਦੇਸ਼ ਦਾ ਕਰਨਾ ਵਿਕਾਸ ਹੈ ਮਾਈ

ਮਸਖਰਾ : ਬਦੇਸ਼ੀ ਸਰਮਾਇਆ ਲਿਆਦਾ ਹੈ

ਦੇਸ਼ ਗੁਲਾਮ ਬਨਾਉਣਾ ਹੈ
ਬੂਥੀਆਂ ਇਹ ਖਾਸ ਨੇ ਮਾਈ
ਮਾਈ : ਹੋਰ ਕੀ ਕੰਮ ਤੁਸੀਂ ਕਰਨਾ ਭਾਈ ?
ਬੂਥੀ : ਹਾਊਸਿੰਗ ਕੰਪਲੈਕਸ ਬਨਾਉਣੇ ਨੇ
ਉਚੀਆਂ ਬਿਲਡਿੰਗਾਂ ਦੇ ਡੀਜਾਇਨ
ਇਟਲੀ, ਜਰਮਨੀ, ਫਰਾਂਸ ਤੋਂ ਲਿਆਉਣੇ ਨੇ
ਸ਼ਹਿਰ ਅਸੀਂ ਸਜਾਣੇ ਨੇ
ਹਾਕਮ ਅਸੀਂ ਹਾਂ ਖਾਸ
ਕਰਨਾ ਅਸੀਂ ਬੜਾ ਵਿਕਾਸ
ਮਸਖਰਾ : ਝੁੱਗੀਆਂ ਝੌਂਪੜੀਆ ਢਾਹੁਣੀਆਂ ਨੇ
ਉਚੀਆਂ ਬਿਲਡਿੰਗਾਂ ਬਣਾਉਣੀਆਂ ਨੇ
ਗਰੀਬਾਂ ਨੂੰ ਇਹਨਾ ਨਸਾਉਣਾ ਏ
ਅਮੀਰਾਂ ਪੈਸੇ ਵਾਲਿਆਂ ਨੂੰ ਵਸਾਉਣਾ ਏ
ਬੂਥੀਆਂ ਇਹਨੇ ਬੜੀਆਂ ਖਾਸ
ਕਰਨਾ ਇਨਾਂ ਬੜਾ ਵਿਕਾਸ
ਮਾਈ : ਜਵਾਨਾਂ ਦਾ ਕੀ ਕਰਨਾ ਭਾਈ ?
ਬੂਥੀ : ਜਵਾਨਾਂ ਨੂੰ ਆਹਰੇ ਲਾਉਣਾ ਮਾਈ
ਮੋਬਾਇਲ ਬੋਝੇ ਵਿਚ ਪਾਉਣਾ ਮਾਈ
ਕਰਨ ਉਹ ਰਾਤ ਦਿਨ ਗੱਲਾਂ
ਕੁੜੀਆਂ ਨਾਲ ਲੰਮੀਆਂ ਗੱਲਾਂ
ਮਿਹਣੇ ਦੀਆਂ ਗੱਲਾਂ
ਪਿਆਰ ਦੀਆਂ ਗੱਲਾਂ
ਰੁਸਣ ਦੀਆ ਗੱਲਾਂ
ਮਨਾਉਣ ਦੀਆ ਗੱਲਾਂ
ਖੁਲੀਆਂ ਗੱਲਾਂ, ਗੁੱਝੀਆਂ ਗੱਲਾਂ
ਹੱਸਣ ਦੀਆ ਗੱਲਾਂ, ਰੌਣ ਦੀਆ ਗੱਲਾਂ
ਹਾਕਮ ਅਸੀਂ ਖਾਸ ਹਾਂ, ਮਾਈ
ਕਰਨਾ ਬੜਾ ਵਿਕਾਸ ਹੈ ਮਾਈ
ਮਸਖਰਾ : ਜਵਾਨਾਂ ਨੂੰ ਉਲਠਾਉਣਾ ਮਾਈ
ਆਹਰੇ ਉਹਨਾਂ ਨੂੰ ਲਾਉਣਾ ਮਾਈ
ਕਰਨ ਨਾ ਉਹ ਰਫ਼ਤਾਰ ਦੀਆਂ ਗੱਲਾਂ
ਭਵਿਖ ਉਹਨਾਂ ਦਾ ਕਾਲਾ ਕਿਉਂ ਹੈ

ਕਰਨ ਨਾ ਉਹ ਨਿਜ਼ਾਮ ਦੀਆਂ ਗੱਲਾਂ
ਭ੍ਰਿਸ਼ਟ ਇਤਜਾਮ ਦੀਆਂ
ਬੂਥੀਆਂ ਅਸੀਂ ਬੜੀਆਂ ਖਾਸ ਹਾਂ ਮਾਈ
ਦੇਸ਼ ਦਾ ਕਰਨਾ ਬੜਾ ਵਿਕਾਸ ਹੈ ਮਾਈ

ਮਾਈ : ਕਿਸਾਨਾਂ ਲਈ ਕੀ ਕਰਨਾ ਭਾਈ ?

ਬੂਥੀ : ਫਿਕਰ ਉਹਨਾਂ ਦਾ ਲਾਹੁਣਾ ਏ
ਕਰਜ਼ਿਆਂ ਤੋਂ ਬਚਾਉਣਾ ਏ
ਵੱਡੇ ਫਾਰਮ ਬਣਾਉਣੇ ਨੇ
ਕਿਸਾਨਾਂ ਨੂੰ ਪੈਸੇ ਦੇ ਕੇ ਅਸੀਂ ਲੁਭਾਉਣੇ ਨੇ
ਇਹ ਹੈ ਸਾਡਾ ਖੇਤੀ ਪਲਾਨ ਹੈ ਮਾਈ
ਕਰਨਾ ਖੁਸ਼ਹਾਲ ਅਸੀਂ ਕਿਸਾਨ ਹੈ ਮਾਈ
ਹਾਕਮ ਅਸੀਂ ਬੜੇ ਖਾਸ
ਦੇਸ਼ ਦਾ ਕਰਨਾ ਬੜਾ ਵਿਕਾਸ

ਮਸਖਰਾ : ਕਿਸਾਨਾਂ ਤੋਂ ਜ਼ਮੀਨਾਂ ਖੋਹਣੀਆਂ ਨੇ
ਮਜਦੂਰ ਉਹਨਾਂ ਨੂੰ ਬਣਾਉਨਾ ਏ
ਪੈਸੇ ਨਾਲ ਉਨਾਂ ਨੂੰ ਭਰਮਾਉਣਾ ਏ
ਆਪਣੀ ਹੀ ਜਮੀਨ ਤੋਂ ਮਾਰ ਟੰਬੇ ਫੇਰ ਭਜਾਉਣਾ ਹੈ
ਬੂਥੀਆਂ ਇਹ ਨੇ ਬੜੀਆਂ ਖਾਸ
ਕਰਨਾ ਇਹਨਾਂ ਬੜਾ ਵਿਕਾਸ

ਮਾਈ : ਕੌਣ ਹੋ ਤੁਸੀਂ ਭਾਈ ?

ਸਿਪਾਹੀ : ਹਾਕਮਾਂ ਦੇ ਅਸੀਂ ਸਿਪਾਹੀ ਮਾਈ
ਹਾਕਮਾਂ ਦੀ ਰਾਖੀ ਕਰਦੇ ਹਾਂ
ਤਨਖਾਹ ਅਸੀਂ ਪਾਉਂਦੇ ਹਾਂ
ਲਾਠੀ ਚਲਾਉਂਦੇ ਹਾਂ
ਡੰਡਾ ਅਸੀਂ ਵਰਾਉਂਦੇ ਹਾਂ
ਮਾਸਟਰਾਂ ਨੂੰ ਅਸੀਂ ਕੁਟਦੇ ਹਾਂ
ਗੁੱਤਾਂ ਕੁੜੀਆਂ ਦੀਆਂ ਪੁਟਦੇ ਹਾਂ
ਅਥਰੂ ਗੈਸ ਅੱਖਾਂ ਵਿਚ ਪਾਉਂਦੇ ਹਾਂ
ਡਿਊਟੀ ਅਸੀਂ ਨਿਭਾਉਂਦੇ ਹਾਂ
ਹਾਕਮਾਂ ਨੂੰ ਬਚਾਉਂਦੇ ਹਾਂ
ਹਾਕਮ ਅਸੀਂ ਖਾਸ ਨੇ ਮਾਈ
ਕਰਨਾ ਦੇਸ਼ ਦਾ ਵਿਕਾਸ ਹੈ ਮਾਈ

ਲੋਕਾਂ ਦੇ ਸਿਪਾਹੀ ਹਾਂ ਮਾਈ
ਲੋਕਾਂ ਨੂੰ ਜਗਾਉਂਦੇ ਹਾਂ
ਬਾਤ ਹੱਕਾਂ ਦੀ ਪਾਉਂਦੇ ਹਾਂ
ਸੰਗਰਾਮਾਂ ਲਈ ਉਠਾਉਂਦੇ ਹਾਂ
ਸ਼ਹੀਦਾਂ ਦਾ ਸੁਨੇਹਾ ਪੁਚਾਉਂਦੇ ਹਾਂ
ਹਾਕਮਾਂ ਨੂੰ ਅਸੀਂ ਭਜਾਉਂਦੇ ਹਾਂ

ਮਾਈ : ਤੁਸੀਂ ਕੌਣ ਹੋ ਭਾਈ ?

ਦੇਸ਼ ਭਗਤ : ਲੋਕ ਘੋਲਾਂ ਦੇ ਸਿਪਾਹੀ ਹਾਂ ਮਾਈ
ਲੋਕਾਂ ਨੂੰ ਜਗਾਉਂਦੇ ਹਾਂ
ਹੱਕਾਂ ਦੀ ਬਾਤ ਪਾਉਂਦੇ ਹਾਂ
ਹਾਕਮਾਂ ਨੂੰ ਭਜਾਉਂਦੇ ਹਾਂ
ਪੁਲਿਸ ਹਾਕਮਾਂ ਨੂੰ ਬਚਾਉਂਦੇ ਹਾਂ
ਇਹ ਕੰਮ ਹੈ ਸਾਡਾ

ਦੇਸ਼ ਭਗਤ : ਚੋਰਾਂ ਨੂੰ ਭਜਾਉਂਦੇ ਹਾਂ
ਇਹ ਫਰਜ ਹੈ ਸਾਡਾ

ਪੁਲਿਸ : ਇਹ ਕੰਮ ਹੈ ਸਡਾਾ

ਦੇਸ਼ ਭਗਤ : ਇਹ ਫ਼ਰਜ ਹੈ ਸਾਡਾ
ਸੰਗਰਾਮ ਲਈ ਉਠਾਉਂਦੇ ਹਾਂ
ਸ਼ਹੀਦਾਂ ਦਾ ਪੈਗਾਮ ਸੁਣਾਉਂਦੇ ਹਾਂ।